ਚਿੱਠੀ ਮਿਤੀ : 26.03.2018

-----------------------------------------------------------

**<u>ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ</u>**

**<u>ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ</u>**

**<u>(ਗ੍ਰਾਂਟ ਪੈਨਸ਼ਨ-1 ਸ਼ਾਖਾ)</u>**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ:10/32-2014 ਸੈ.ਸਿ.(3)
ਮਿਤੀ, ਐਸ.ਏ.ਐਸ. ਨਗਰ: 26-03-18

ਵਿਸ਼ਾ: ਰਾਜ ਦੇ ਸਮੂਹ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਚਾਲੂ ਰੱਖਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਪੰਜਾਬ ਸਰਕਾਰ ਵੱਲੋਂ ਸਾਲ 2008 ਵਿਚ 'ਪੰਜਾਬੀ ਦੀ ਪੜ੍ਹਾਈ ਲਈ ਇੱਕ ਲਾਜ਼ਮੀ ਵਿਸ਼ਾ' ਐਕਟ ਪਾਸ ਕਰਨ ਮਗਰੋਂ ਵਿਧਾਨਕ ਅਤੇ ਕਾਨੂੰਨੀ ਵਿਭਾਗ ਵੱਲੋਂ ਮਿਤੀ 22.10.2008 ਨੂੰ ਇਸ ਸਬੰਧ ਵਿਚ ਨੋਟੀਫਿਕੇਸ਼ਨ ਵੀ ਜਾਰੀ ਕੀਤੀ ਗਈ ਸੀ। ਇਸ ਐਕਟ ਦੀ ਧਾਰਾ 3(1) ਅਨੁਸਾਰ ਪੰਜਾਬੀ ਵਿਸ਼ੇ ਦੀ ਪੜ੍ਹਾਈ ਨੂੰ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਅਤੇ ਧਾਰਾ 3(2) ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਸੰਸਥਾ ਜਾਂ ਬੋਰਡ ਕਿਸੇ ਵੀ ਵਿਦਿਆਰਥੀ ਨੂੰ 10ਵੀਂ ਸ਼੍ਰੇਣੀ ਪਾਸ ਕਰਨ ਦਾ ਉਦੋਂ ਤੱਕ ਸਰਟੀਫਿਕੇਟ ਜਾਰੀ ਨਹੀਂ ਕਰੇਗਾ, ਜਦੋਂ ਤੱਕ ਸਬੰਧਤ ਵਿਦਿਆਰਥੀ ਨੇ 10ਵੀਂ ਸ਼੍ਰੇਣੀ ਵਿਚ ਪੰਜਾਬੀ ਵਿਸ਼ਾ ਪਾਸ ਨਾ ਕੀਤਾ ਹੋਵੇ। ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਰਾਜ ਦੇ ਬਹੁਤ ਸਾਰੇ ਗੈਰ-ਸਰਕਾਰੀ ਸਕੂਲ ਵਿਸ਼ੇਸ਼ ਤੌਰ ਤੇ ਜਿਹੜੇ ਸੀ.ਬੀ.ਐਸ.ਈ./ਆਈ.ਸੀ.ਐਸ.ਈ. ਬੋਰਡ ਨਾਲ ਸਬੰਧਤ ਹਨ, ਵੱਲੋਂ ਅਜੇ ਤੱਕ ਵੀ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਵਿਸ਼ੇ ਵਜੋਂ ਨਹੀਂ ਕਰਵਾਈ ਜਾ ਰਹੀ। ਇਹ ਵੀ ਧਿਆਨ ਵਿਚ ਆਇਆ ਹੈ ਕਿ ਕਈ ਗੈਰ-ਸਰਕਾਰੀ ਸਕੂਲਾਂ ਨੇ, ਸਕੂਲਾਂ ਦੇ ਅੰਦਰ ਪੰਜਾਬੀ ਬੋਲਣ ਤੇ ਪਾਬੰਦੀਆਂ ਲਗਾਈਆਂ ਹੋਈਆਂ ਹਨ ਅਤੇ ਵਿਦਿਆਰਥੀਆਂ ਦੇ ਉਲੰਘਣਾ ਕਰਨ ਤੇ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਇਹ ਨਾ ਸਿਰਫ ਗੈਰ ਕਾਨੂੰਨੀ ਹੈ ਬਲਕਿ ਪੰਜਾਬੀ ਭਾਸ਼ਾ ਦੇ ਅਧਾਰ ਤੇ ਗਠਿਤ ਸੂਬੇ ਵਿਚ ਅਜਿਹਾ ਹੋਣਾ ਰਾਜ ਦੇ ਲੋਕਾਂ ਦੀ ਮਾਂ ਬੋਲੀ ਦਾ ਨਿਰਾਦਰ ਹੈ ਅਤੇ ਅਜਿਹਾ ਅਮਲ ਬੱਚਿਆਂ ਦੇ ਮੌਲਿਕ ਅਧਿਕਾਰਾਂ ਦੀ ਵੀ ਉਲੰਘਣਾ ਹੈ। ਆਪ ਨੂੰ ਪਹਿਲਾਂ ਵੀ ਕਈ ਵਾਰ ਲਿਖਿਆ ਜਾ ਚੁੱਕਾ ਹੈ ਕਿ ਆਪਣੇ ਜਿਲ੍ਹੇ ਦੇ ਗੈਰ-ਸਰਕਾਰੀ ਸਕੂਲਾਂ ਨੂੰ ਸੂਚਿਤ ਕਰਕੇ ਇਹ ਸਿਲਸਿਲਾ ਬੰਦ ਕਰਵਾਉਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਅਤੇ ਐਕਟ ਸਬੰਧੀ ਧਾਰਾਵਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ, ਪ੍ਰੰਤੂ ਜੇਕਰ

ਕੋਈ ਵੀ ਉਲੰਘਣਾ ਦਾ ਕੇਸ ਧਿਆਨ ਵਿਚ ਆਉਂਦਾ ਹੈ ਤਾਂ ਉਸ ਦੀ ਪੜਤਾਲ ਕਰਕੇ ਰਿਪੋਰਟ ਇਸ ਦਫ਼ਤਰ ਨੂੰ ਕਾਰਵਾਈ ਲਈ ਭੇਜੀ ਜਾਵੇ।

ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜਿਲ੍ਹੇ ਦੇ ਅਧੀਨ ਪੈਂਦੇ ਅਜਿਹੇ ਸਕੂਲਾਂ ਸਬੰਧੀ ਸੂਚਨਾ ਦਿੱਤੀ ਜਾਵੇ ਜਿਨ੍ਹਾਂ ਵੱਲੋਂ ਪੰਜਾਬ ਐਕਟ 2008 ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਇਸ ਤੋਂ ਇਲਾਵਾ ਮੁੜ ਕੀਤੇ ਜਾਣ ਵਾਲੇ ਨਿਰੀਖਣ ਸਮੇਂ ਵੀ ਇਹ ਚੈਕ ਕੀਤਾ ਜਾਵੇ ਕਿ ਇਨ੍ਹਾਂ ਸਕੂਲਾਂ ਵਿਚ ਪੰਜਾਬੀ ਨਿਯਮਾਂ/ਹਦਾਇਤਾਂ ਅਨੁਸਾਰ ਪੜ੍ਹਾਈ ਜਾ ਰਹੀ ਹੈ। ਸੂਚਨਾ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਹੀ ਭੇਜੀ ਜਾਵੇ ਅਤੇ ਨਿਯਮਾਂ ਅਧੀਨ ਬਣਦੀ ਕਾਰਵਾਈ ਦੀ ਤਜਵੀਜ਼ ਸਮੇਤ ਰਿਪੋਰਟ ਭੇਜੀ ਜਾਵੇ।

**ਪ੍ਰੋਫਾਰਮਾ**

| ਲੜੀ ਨੰ: | ਜਿਲ੍ਹੇ ਵਿਚ ਪੈਂਦੇ ਕੁਲ ਸਕੂਲਾਂ ਦੀ ਗਿਣਤੀ ਪ੍ਰਾਈਵੇਟ/ਏਡਡ | ਸਕੂਲ ਦਾ ਨਾਮ | ਸਕੂਲ ਕਿਸ ਪੱਧਰ ਤੱਕ ਹੈ | ਕੀ ਸਕੂਲ ਪੰ:ਸ:ਸਿੱ: ਬੋਰਡ/ਸੀ.ਬੀ.ਐਸ.ਈ./ ਆਈ.ਸੀ.ਐਸ.ਈ. ਤੋਂ ਐਫੀਲੀਏਟਿਡ ਹੈ? | ਪੰਜਾਬੀ ਕਿਸ ਜਮਾਤ ਤੋਂ ਕਿਸ ਜਮਾਤ ਤੱਕ ਪੜ੍ਹਾਈ ਜਾਂਦੀ ਹੈ (ਇੱਕ ਤੋਂ ਦਸਵੀਂ) | ਵਿਸ਼ੇਸ਼ ਕਥਨ |
|---|---|---|---|---|---|---|
| | | | | | | |

ਸਹਾਇਕ ਡਾਇਰੈਕਟਰ (ਪ੍ਰ.ਏ.ਸ.)
ਵਾ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:)
ਪੰਜਾਬ।

ਪਿਠ ਅੰਕਣ ਨੰ:ਉਕਤ ਮਿਤੀ, ਐਸ.ਏ.ਐਸ. ਨਗਰ

ਉਪਰੋਕਤ ਦਾ ਉਤਾਰਾ ਸੰਯੁਕਤ ਡਾਇਰੈਕਟਰ (ਪ੍ਰਾ.) ਦ: ਡਾਇਰੈਕਟਰ ਸਿੱਖਿਆ ਵਿਭਾਗ (ਕਾ.) ਪੰਜਾਬ (ਸੱਤਵੀਂ ਮੰਜਲ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਪ੍ਰ.ਏ.ਸ.)
ਵਾ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:)
ਪੰਜਾਬ।

----------------

ਪੰਜਾਬ ਸਰਕਾਰ (ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ) ਵੱਲੋਂ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਨੂੰ ਮਿਤੀ 17.01.2019 ਨੂੰ ਲਿਖੀ ਚਿੱਠੀ।

---------------------------------------------------------------------------------------------------

ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

(ਸਿੱਖਿਆ ਸੈੱਲ)

ਸੇਵਾ ਵਿਖੇ

ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮੀਮੋ ਨੰ:6/14/18-2ਸਿੱ.ਸੈਲ/ਪੀ.ਐਫ/
ਮਿਤੀ, ਚੰਡੀਗੜ੍ਹ

ਵਿਸ਼ਾ: Demand for Punjabi as Compulsory subject in CBSE/ICSCE Schools.

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਸ਼੍ਰੀ ਹਰੀ ਚੰਦ ਅਰੋੜਾ, ਐਡਵੋਕੇਟ ਤੋਂ ਈ ਮੇਲ ਰਾਹੀਂ ਲਿਖਿਆ ਗਿਆ ਹੈ ਕਿ ICSCE ਜਾਂ CBSE ਨਾਲ ਐਫੀਲਿਏਟਡ ਸਕੂਲ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਕੀਤੇ ਬਿਨ੍ਹਾਂ ਹੀ ਮੈਟ੍ਰਿਕ ਦਾ ਸਰਟੀਫਿਕੇਟ ਜਾਰੀ ਕਰ ਰਹੇ ਹਨ। ਇਸ ਤਰ੍ਹਾਂ ਉਹਨਾਂ ਵੱਲੋਂ "Punjab Learning of Punjabi and Languages Act, 2008" ਦੀ ਸੈਕਸ਼ਨ 3 ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਹਨਾਂ ਵੱਲਪੋਂ ਲਿਖਿਆ ਗਿਆ ਹੈ ਕਿ ਇਹ ਉਕਤ ਐਕਟ ਦੀ ਸੈਕਸ਼ਨ 3(2) ਦੀ ਵੀ ਉਲੰਘਣਾ ਹੈ, ਜੋ ਹੇਠ ਲਿਖੇ ਅਨੁਸਾਰ ਹੈ:

"Section 3: Teaching of Punjabi as compulsory subject: (1) Punjabi shall be taught as a compulsory subject in all schools from 1st Class to 10th class from the academic year 2009-2010.

(2) No Board of Institution shall award matriculation certificate to any student, unless he has passed the 10th class examination in Punjabi subject.

2. ਉਹਨਾਂ ਵੱਲੋਂ ਇਹ ਵੀ ਧਿਆਨ ਵਿਚ ਲਿਆਂਦਾ ਗਿਆ ਹੈ ਕਿ ICSCE ਜਾਂ CBSE ਨਾਲ ਐਫੀਲਿਏਟਡ ਕੁਝ ਸਕੂਲਾਂ ਵੱਲੋਂ ਪੰਜਾਬੀ ਨੂੰ ਆਪਸ਼ਨਲ ਵਿਸ਼ੇ ਵਜੋਂ ਪਾਸ ਕਰਨ ਤੇ ਹੀ ਮੈਟ੍ਰਿਕ ਸਰਟੀਫਿਕੇਟ ਜਾਰੀ ਕੀਤੇ ਜਾ ਰਹੇ ਹਨ ਅਤੇ

ਵਿਦਿਆਰਥੀਆਂ ਵੱਲੋਂ ਪੰਜਾਬੀ ਵਿਸ਼ੇ ਵਿਚ ਪ੍ਰਾਪਤ ਕੀਤੇ ਅੰਕ ਕੁੱਲ ਅੰਕਾਂ ਵਿਚ ਵੀ ਨਹੀਂ ਜੋੜੇ ਜਾ ਰਹੇ, ਜੋ ਉਕਤ ਐਕਟ ਦੇ ਵਿਰੁੱਧ ਹੈ। ਅਜਿਹਾ ਕੀਤਾ ਜਾਣਾ ਉਕਤ ਐਕਟ ਅਧੀਨ ਘੋਰ ਅਪਰਾਧ ਹੈ ਐਕਟ ਦੀ ਧਾਰਾ 8 ਅਧੀਨ ਸਜ਼ਾ-ਯੋਗ ਹੈ।

3. ਰਾਜ ਦੇ ਸਮੂਹ ਸਰਕਾਰੀ ਸਕੂਲਾਂ ਦਾ ਪ੍ਰਬੰਧਕੀ ਕੰਟਰੋਲ ਆਪ ਜੀ ਦੇ ਵਿਭਾਗ ਅਧੀਨ ਹੈ। ਇਸ ਲਈ ਸ਼੍ਰੀ ਹਰੀ ਚੰਦ ਅਰੋੜਾ ਐਡਵੋਕੇਟ ਵੱਲੋਂ ਪ੍ਰਾਪਤ ਪੱਤਰ ਮਿਤੀ 01.01.2019 ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ICSCE ਜਾਂ CBSE ਨਾਲ ਐਫੀਲਿਏਟਡ ਕੁਝ ਸਕੂਲਾਂ ਵੱਲੋਂ "Punjab Learning of Punjabi and Languages Act, 2008" (ਕਾਪੀ ਨੱਥੀ) ਦੀ ਕਿਸੇ ਤਰ੍ਹਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਤਾਂ ਮਾਮਲੇ ਸਬੰਧੀ ਲੋੜੀਂਦੀ ਯੋਗ ਕਾਰਵਾਈ ਕਰਦੇ ਹੋਏ ਸਬੰਧਤਾਂ ਨੂੰ ਸਖਤ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

ਪਿੱ:ਅੰ:ਨੰ:6/14/18-2ਸਿੱ.ਸੈਲ/ਪੀ.ਐਫ/ ਮਿਤੀ, ਚੰਡੀਗੜ੍ਹ

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ, ਪਟਿਆਲਾ ਪੰਜਾਬ ਨੂੰ ਮਾਮਲੇ ਸਬੰਧੀ ਲੋੜੀਂਦੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱ:ਅੰ:ਨੰ:6/14/18-2ਸਿੱ.ਸੈਲ/ਪੀ.ਐਫ/1397339/1 ਮਿਤੀ, ਚੰਡੀਗੜ੍ਹ 17.01.2019

ਉਤਾਰਾ ਸ਼੍ਰੀ ਹਰੀ ਚੰਦ ਅਰੋੜਾ, ਐਡਵੋਕੇਟ ਨੂੰ ਉਹਨਾਂ ਦੇ ਪੱਤਰ ਮਿਤੀ 01.01.2019 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

**DIRECTOR PUBLIC INSTRUCTIONS (SECONDARY EDUCATION)**

**At Punjab School Education Board Complex, Phase-8, S.A.S. Nagar (Mohali)**

To

1. The Chairman,
   Council for Indian School Certificate Examination,
   Pragati House, 3rd Floor, 47-48, Nehru Place,
   New Delhi- 11009.
2. The Chairman,
   Central Board of Secondary Education (CBSE)
   Head Office Shiksha Kendra, 2,
   Community Centre, Preet Vihar,
   Delhi – 110092

Memo No.Pension-Grant-2/2019/Steno/Spl-1/201925321-22 dated 21.01.2019

**Subject: Implementation of Section 3 of the "Punjab Learning of Punjabi and Other Languages Act, 2008" – Teaching of Punjabi as a compulsory subject from 1st Class to 10th Class in all the schools.**

1.0 In reference to the above cited subject, your kind attention is drawn to "Punjab Learning of Punjabi and Other Languages Act, 2008", enacted by the State of Punjab. According to Section 3(1) of this Act, it is mandatory for all schools in the State of Punjab to teach Punjabi as a compulsory subject from 1st to 10th class. The said provision is reproduced below:-

"Section 3. Teaching of Punjabi as compulsory subject:

(1) Punjabi shall be taught as a compulsory subject in all schools from First class to Tenth class from the academic year 2009-2010.

2.0 Section 3(2) further prescribes that Matriculation certificate cannot be awarded to any student without him/her passing the subject of Punjabi in the 10th Class.

(2) No board or institution shall award matriculation certificate to any student, unless he has passed the Tenth Class examination in Punjabi subject."

3.0 However, it has been brought to the notice of the Department that many schools in the State of Punjab which are affiliated with you are not adhering to the above said provisions in clear violation of the said Act.

4.0 It may also be appreciated that such misconduct and violation warrants penal action under Section 8 of the said Act. The Act empowers the State Government to not only impose penalities on the defaulting schools but it may also issue directions for disaffiliating the schools with you.

5.0 Therefore, it is requested that you may kindly ensure strict compliance with the provisions of the "Punjab Learning of Punjabi and Other Languages Act, 2008" as aforestated. You may also consider amending your rules/guidelines, if needed and issue necessary instructions in this context so far as they relate to the State of Punjab.

Director Public Instructions (SE) Pb.

Enst. No.Even 2019/25323-326 Dated 21.01.2019

Copy is forwarded to the following for information and necessary action:-

1. Secretary, School Education, Punjab.
2. Secretary, Punjab School Education Board, Mohali.
3. Director Public Instructions (Elementary Education), Punjab.
4. District Education Officers (Secondary Education/Elementary Education) in the State of Punjab with the direction to ensure the implementation of the "Punjab Learning of Punjabi and Other Languages Act, 2008" in all the schools under their jurisdiction.

Director Public Instructions (SE) Pb.

Government of Punjab
Department of School Education

To

1. The Chairman
Council for Indian School Certificate Examinations
Pragati House, 3rd Floor, 47-48, Nehru Place,
New Delhi

2. The Chairman
Central Board of Secondary Education (CBSE)
Head Office Shiksha Kendra 2
Community Centre, Preet Vihar,
New Delhi

Memo No.17/1-2009GP-1(4)/201946008-201946009
Dated: 07.02.2019

Sub: Implementation of Section 3 of the "Punjab Learning of Punjabi and other Languages Act, 2008" –Teaching of Punjabi as a compulsory subject from 1st class to 10th class in all the schools.

1.0 Please refer to letter No.2/2010/steno/spl.1/201925321-22 dated 21.01.2019 of DPI (SE) on implementation of provisions of Punjab Learning of Punjabi and other Languages Act, 2008.

2.0 As you are aware the teaching of Punjabi is compulsory as a subject from class 1st to 10th in all schools situated in the State of Punjab. It has further been provided that no Board or Institutions shall award matriculation certificates to any students unless he has passed 10th class examination in Punjabi subject. You are therefore requested to ensure that all schools situated in the State of Punjab and affiliated with Board comply with the provisions on above said Act.

3.0 Apart from the above, complaints have also been received with the Department that some of these schools discourage students to speak Punjabi during informal discussions either among students themselves or among students and teachers during the school hours. This has an adverse impact on the mental development of the students as some of them may find difficult to express themselves. It is also requested that appropriate directions may be issued to the schools not to indulge in such practices.

Secretary School Education
Punjab

Endst. No.Above201946010 Dated: 07.02.2019

A copy of the above is forwarded to all DEOs (SE) with the request to take necessary action in case of any such complaint come to their notice.

Secretary School Education
Punjab

ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਪੱਤਰ ਮਿਤੀ 24.01.2020

---

**Notification**

No.13/43/2019-5edu/7/1622252/1 Dated: 24.01.2020

Government of Punjab vide No.13/43/2019-5edu7/1603478 Dated, Chandigarh: 25.10.2019 issued Notification regarding Smart School Policy. Para No.3.2(b) of this Notification can be read as follows:

"English as a medium of the instruction be given as optional to the students studying in the school".

Dated, Chandigarh

**Krishan Kumar**
**Secretary School Education**

Endst. No.13/43/2019-5edu7/1622252/2 Dated: 24.01.2020

A copy is forwarded to the Controller, Printer and Stationary, Punjab SAS Nagar for publication of the above notification in the Punjab Government ordinary Gazette and 20 printed copies of the notification may please be supplied to this Department.

Superintendent

Endst.No.13/43/2019-5edu7/1622252/3-7 Dated: 24.01.2020

A copy if forwarded to the following for information and necessary action:

1. Director General School Education, Punjab
2. Director Public Instruction (SE), Punjab
3. Director Public Instruction (EE), Punjab
4. Director SCERT, Punjab
5. Secretary, Punjab School Education Board